a2zpapers.com

Roll No. ..................

**002/C**

Total No. of Questions : 9]

[Total No. of Printed Pages : 4

**SS**

**2039**

**ਸਲਾਨਾ ਪਰੀਖਿਆ ਪ੍ਰਨਾਲੀ**

# GENERAL PUNJABI

**(Common for All Groups and Vocational Stream)**

**(Evening Session)**

Time allowed : Three hours

Maximum marks : 65

*ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ* **002/C** *ਜ਼ਰੂਰ ਦਰਜ ਕਰੋ ਜੀ ।*

*(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।*

*(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।*

***(iv) ਸਾਰੇ ਪ੍ਰਸ਼ਨ ਜ਼ਰੂਰੀ ਹਨ ।***

*(v) ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ ।*

**1.** ਵਸਤੂਨਿਸ਼ਠ ਪ੍ਰਸ਼ਨ :

ਸਾਰੇ ਪ੍ਰਸ਼ਨ **ਜ਼ਰੂਰੀ** ਹਨ । ਹਰੇਕ ਪ੍ਰਸ਼ਨ 1 ਅੰਕ ਦਾ ਹੈ ।

(ੳ) 'ਵਗਦੇ ਪਾਣੀ' ਕਵਿਤਾ ਦਾ ਰਚਨਾਕਾਰ ਕੌਣ ਹੈ ? 1

(ਅ) 'ਸਤੀਆ ਸੇਈ' ਕਹਾਣੀ ਵਿੱਚ ਗੀਤ ਸੁਣਨ ਉਪਰੰਤ ਲੇਖਕਾ ਦੇ ਮਨ ਵਿੱਚ ਕਿਸ ਬਾਰੇ ਖ਼ਿਆਲ ਆਉਣ ਲੱਗੇ ਸਨ :

(i) ਭਗਤ ਸਿੰਘ ਬਾਰੇ

(ii) ਭਗਤ ਸਿੰਘ ਦੀ ਮੰਗੇਤਰ ਬਾਰੇ 1

(ੲ) ਹੇਠ ਲਿਖੀ ਅਖਾਉਤ ਵਿੱਚ ਸਹੀ ਸ਼ਬਦ ਭਰ ਕੇ ਅਖਾਉਤ ਪੂਰੀ ਕਰੋ :

_______ ਲੱਗੇ ਨਾ ਫਟਕੜੀ ਰੰਗ ਚੋਖਾ ਆਵੇ । 1

(ਸ) ਹੇਠ ਲਿਖੀ ਅਖਾਉਤ ਵਿੱਚ ਸਹੀ ਸ਼ਬਦ ਭਰ ਕੇ ਅਖਾਉਤ ਪੂਰੀ ਕਰੋ :

ਸੱਚੇ ਮਾਰਗ ਚੱਲਦਿਆਂ _______ ਕਰੇ ਜਹਾਨ । 1

(ਹ) ਸੱਭਿਆਚਾਰ ਕਿਹੜੇ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ ? 1



www.a2zpapers.com www.a2zpapers.com
Download free old Question papers gndu, ptu hp board, punjab board

a2zpapers.com



(ਕ) ਬੱਚੇ ਦੇ ਜਨਮ ਤੋਂ ਬਾਅਦ ਕਿਹੜੀਆਂ ਦੋ ਰਸਮਾਂ ਕੀਤੀਆਂ ਜਾਂਦੀਆਂ ਹਨ ? 1

(ਖ) ਦੱਸੋ ਇਹ ਕਥਨ ਠੀਕ ਹੈ ਜਾਂ ਗਲਤ :

'ਅੱਡੀ-ਛੜੱਪਾ' ਜਾਂ 'ਅੱਡੀ-ਟੱਪਾ' ਕੁੜੀਆਂ ਦੀ ਹਰਮਨ-ਪਿਆਰੀ ਖੇਡ ਹੈ। 1

(ਗ) ਖ਼ਾਲੀ ਸਥਾਨ ਭਰੋ :

ਪਿੰਡਾਂ ਵਿਚ ਸਾਉਣ ਮਹੀਨੇ ਪੂਰਾ ਪੰਦਰਵਾੜਾ ਲੱਗਣ ਵਾਲੀਆਂ ਤੀਆਂ ਵਿਆਹੀਆਂ ਕੁੜੀਆਂ ਦੇ ਮਿਲਨ ਦਾ ਸਾਧਨ ਅਤੇ ਨਵੀਆਂ ਕੁੜੀਆਂ ਲਈ ________ ਸਿੱਖਣ ਦੀ ਵਰਕਸ਼ਾਪ ਸੀ। 1

(ਘ) ਬਾਗ਼ ਅਤੇ ਫੁਲਕਾਰੀ ਦੀ ਕਢਾਈ ਕਿਸ ਕੱਪੜੇ ਉੱਪਰ ਕੀਤੀ ਜਾਂਦੀ ਸੀ ? 1

(ਙ) ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਕਿਸ ਲਿਪੀ ਵਿੱਚ ਲਿਖੀ ਜਾਂਦੀ ਹੈ ? 1

10×1=10

2. ਹੇਠ ਲਿਖਿਆਂ ਵਿੱਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਪੰਜਾਬ ਦੇ ਮਰਦਾਵੇਂ ਲੋਕ-ਨਾਚਾਂ ਦਾ ਸੰਖੇਪ ਵਰਨਣ ਕਰੋ। 4

(ਅ) 'ਨਕਲਾਂ ਵਿੱਚ ਦਰਸ਼ਕਾਂ ਦੀ ਅਹਿਮ ਭੂਮਿਕਾ ਹੁੰਦੀ ਹੈ,' ਦੱਸੋ ਕਿਵੇਂ ? 4

(ੲ) ਪੰਜਾਬੀ ਸੱਭਿਆਚਾਰਿਕ ਪਰਿਵਰਤਨ ਕੀ ਹੈ ? ਸੰਖੇਪ ਵਿੱਚ ਲਿਖੋ। 4

(ਸ) ਸੰਸਾਰ ਦੇ ਸੱਭਿਆਚਾਰਾਂ ਵਿੱਚੋਂ ਪੰਜਾਬੀ ਸੱਭਿਆਚਾਰ ਕਿਵੇਂ ਵਿਲੱਖਣ ਹੈ ? 4

(ਹ) ਮੇਲਿਆਂ ਦਾ ਕਿਸੇ ਜਾਤੀ ਲਈ ਕੀ ਮਹੱਤਵ ਹੁੰਦਾ ਹੈ ? 4

(ਕ) ਮਨੁੱਖੀ ਜੀਵਨ ਵਿੱਚ ਰਸਮ-ਰਿਵਾਜਾਂ ਦਾ ਕੀ ਮਹੱਤਵ ਹੈ ? 4

(ਖ) 'ਸ਼ੱਕਰ ਭਿੱਜੀ' ਲੋਕ-ਖੇਡ ਬਾਰੇ ਜਾਣਕਾਰੀ ਦਿਓ। 4

(ਗ) ਪੰਜਾਬ ਦੀਆਂ ਬਹੁਤੀਆਂ ਲੋਕ-ਕਲਾਵਾਂ ਦੀਆਂ ਸਿਰਜਕ ਇਸਤਰੀਆਂ ਰਹੀਆਂ ਹਨ, ਬਾਰੇ ਖੋਲ੍ਹ ਕੇ ਚਾਨਣਾ ਪਾਓ। 4

5×4=20

3. ਤੁਸੀਂ ਆਪਣੇ ਕਸਬੇ ਵਿੱਚ ਆਟਾ-ਚੱਕੀ ਲਾਈ ਹੋਈ ਹੈ। ਇਲਾਕਾ ਨਿਵਾਸੀਆਂ ਨੂੰ ਇਸ ਬਾਰੇ ਖੁੱਲ੍ਹੀ ਚਿੱਠੀ ਰਾਹੀਂ ਜਾਣਕਾਰੀ ਦਿੰਦੇ ਹੋਏ ਕਣਕ, ਦਾਲ਼ਾਂ ਤੇ ਹੋਰ ਅਨਾਜ ਆਦਿ ਪਿਹਾਉਣ, ਰੇਟ ਤੇ ਹੋਰ ਵਿਸ਼ੇਸ਼ਤਾਵਾਂ ਦੱਸਦੇ ਹੋਏ ਅਪੀਲ ਕਰੋ। 2+3+1=6

ਜਾਂ

ਤੁਸੀਂ ਪਿੰਡ ਦੀਆਂ ਕੁਝ ਗ੍ਰਹਿਣੀਆਂ 'ਸੈਲਫ਼ ਹੈੱਲਪ ਗਰੁੱਪ' ਸ਼ੁਰੂ ਕਰਨ ਲਈ ਇੱਛੁਕ ਹੋ। ਇਸ ਬਾਰੇ ਜਾਣਕਾਰੀ ਲੈਣ ਲਈ ਜ਼ਿਲ੍ਹੇ ਦੇ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਨੂੰ ਪੱਤਰ ਲਿਖੋ। 2+3+1=6

4. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ :

ਧੰਨ ਨੇ ਉਹ ਨੈਣ ਜੋ ਕਦੇ-ਕਦਾਈਂ ਪ੍ਰੇਮ-ਨੀਰ ਨਾਲ਼ ਭਰ ਆਉਂਦੇ ਹਨ। ਰੋਜ਼ ਗੰਗਾ-ਜਲ ਨਾਲ਼ ਤਾਂ ਇਸ਼ਨਾਨ ਹੁੰਦਾ ਹੀ ਏ ਪਰੰਤੂ ਜਿਸ ਪੁਰਖ ਨੇ ਨੈਣਾਂ ਦੀ ਪ੍ਰੇਮ-ਧਾਰਾ ਵਿੱਚ ਕਦੀ ਇਸ਼ਨਾਨ ਕੀਤਾ ਹੈ, ਉਹੀ ਜਾਣਦਾ ਹੈ ਕਿ ਇਸ ਇਸ਼ਨਾਨ ਨਾਲ਼ ਮਨ ਦੇ ਮਲੀਨ ਭਾਵ ਕਿਸ ਤਰ੍ਹਾਂ ਵਗ ਜਾਂਦੇ ਹਨ, ਅੰਤਹਿਕਰਨ ਕਿਵੇਂ ਫੁੱਲ ਵਾਂਗ ਖਿੜ ਜਾਂਦਾ ਹੈ। ਮਨ ਦੀਆਂ ਗੰਢਾਂ ਕਿਸ ਪ੍ਰਕਾਰ ਖੁੱਲ੍ਹ ਜਾਂਦੀਆਂ ਹਨ। ਕੁਟਲਤਾ ਤੇ ਨੀਚਤਾ ਦਾ ਪਰਬਤ ਕਿਵੇਂ ਚਕਨਾਚੂਰ ਹੋ ਜਾਂਦਾ ਹੈ। ਸਾਉਣ-ਭਾਦੋਂ ਦੀ ਵਰਖਾ ਪਿੱਛੋਂ



www.a2zpapers.com www.a2zpapers.com
Page 2 of 4
Download free old Question papers gndu, ptu hp board, punjab board

a2zpapers.com



ਜਿਵੇਂ ਬਿਰਖ ਨਵੀਆਂ-ਨਵੀਆਂ ਕਰੂੰਬਲਾਂ ਨਾਲ਼ ਭਰੇ ਇੱਕ ਵਿਚਿੱਤਰ, ਮਨਮੋਹਣੀ ਸੋਭਾ ਦਿੰਦੇ ਹਨ, ਉਵੇਂ ਇਸ ਪ੍ਰੇਮ-ਇਸ਼ਨਾਨ ਨਾਲ਼ ਮਨੁੱਖ ਦੇ ਅੰਦਰਲੇ ਦੀ ਅਵਸਥਾ ਸੁੱਚੀ, ਕੋਮਲ ਤੇ ਰਸ-ਭਿੰਨੀ ਹੋ ਜਾਂਦੀ ਹੈ। ਪ੍ਰੇਮ-ਧਾਰਾ ਦੇ ਜਲ ਨਾਲ਼ ਸਿੰਜਿਆ ਮਨ ਖਿੜ ਜਾਂਦਾ ਹੈ। ਮਨ ਦੀ ਵਾੜੀ ਵਿੱਚ ਪਵਿੱਤਰ ਭਾਵਾਂ ਦੇ ਬੂਟੇ ਉੱਗਦੇ, ਵਧਦੇ ਤੇ ਫੁੱਲਦੇ ਹਨ। ਵਰਖਾ ਤੇ ਨਦੀ ਦੇ ਜਲ ਕਾਰਨ ਤਾਂ ਅੰਨ ਪੈਦਾ ਹੁੰਦਾ ਹੈ, ਪਰ ਨੈਣਾਂ ਦੀ ਗੰਗਾ ਪ੍ਰੇਮ ਤੇ ਵਿਰਾਗ ਦੁਆਰਾ ਮਨੁੱਖੀ ਜੀਵਨ ਨੂੰ ਅੱਗ ਤੇ ਬਰਫ਼ ਦੀ ਪਾਹੁਲ ਦਿੰਦੀ ਹੈ ਤੇ ਇੱਕ ਨਵਾਂ ਜਨਮ ਹੁੰਦਾ ਹੈ। ਮਾਨੋ ਕੁਦਰਤ ਨੇ ਹਰ ਬੰਦੇ ਲਈ ਇਸ ਨੈਣ-ਨੀਰ ਦੇ ਰੂਪ ਵਿੱਚ ਮਸੀਹਾ ਭੇਜਿਆ ਹੋਵੇ, ਜਿਸ ਹੱਥੀਂ ਹਰ ਕੋਈ ਨਰ ਤੇ ਨਾਰੀ ਕ੍ਰਿਤਾਰਥ ਹੋ ਸਕਦੇ ਹਨ। ਇਹ ਉਹੋ ਜੰਞੂ ਹੈ ਜਿਸ ਨੂੰ ਪਹਿਨ ਕੇ ਹਰ ਆਦਮੀ ਦਿਜ (ਬ੍ਰਾਹਮਣ) ਹੋ ਸਕਦਾ ਹੈ। 3+1=4

5. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ **ਇੱਕ** ਸ਼ਬਦ-ਸਮੂਹ ਨੂੰ ਸ਼ਬਦ-ਕੋਸ਼ ਤਰਤੀਬ ਅਨੁਸਾਰ ਲਿਖੋ :

| (i) | (ii) |
|---|---|
| ਨਵਾਰ | ਮਹਿਕਮਾ |
| ਡੱਬ-ਖੜੱਬਾ | ਪਰਸ਼ਾਦਾ |
| ਚਿਮਟਾ | ਤਿਲੰਗ |
| ਜੁਗਨੀ | ਬਚੂੰਗੜਾ |
| ਤਨਕੀਦ | ਵਿਧਾਤਾ |
| ਬਟਵਾਰਾ | ਪਛਤਾਵਾ। |

3

6. ਹੇਠ ਲਿਖੇ ਵਾਕਾਂ ਵਿੱਚੋਂ ਕਿਸੇ **ਤਿੰਨ** ਵਾਕਾਂ ਦਾ ਬ੍ਰੈਕਟ 'ਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਂਦਰਾ ਕਰੋ :

(ੳ) ਮਿਹਨਤੀ ਆਦਮੀ ਹਮੇਸ਼ਾਂ ਸਫਲਤਾ ਪ੍ਰਾਪਤ ਕਰਦਾ ਹੈ। (ਮਿਸ਼ਰਿਤ-ਵਾਕ) 1

(ਅ) ਦਵਾਈ ਖਾਓ ਅਤੇ ਤੰਦਰੁਸਤ ਹੋ ਜਾਓ। (ਸਧਾਰਨ-ਵਾਕ) 1

(ੲ) ਭਾਵੇਂ ਉਸ ਦੀਆਂ ਸਹੇਲਿਆਂ ਮੂਰਖ ਹਨ ਪਰ ਉਹ ਸਿਆਣੀ ਹੈ। (ਸੰਜੁਗਤ-ਵਾਕ) 1

(ਸ) ਸਿਰਫ਼ ਮਾਂ ਹੀ ਬੱਚੇ ਨੂੰ ਪਾਲ਼ ਸਕਦੀ ਹੈ। (ਨਾਂਹ-ਵਾਚਕ ਵਾਕ) 1

(ਹ) ਮੇਰੀ ਇੱਛਾ ਹੈ ਕਿ ਮੈਂ ਅਮੀਰ ਹੋਵਾਂ। (ਵਿਸਮੈ-ਵਾਚਕ-ਵਾਕ) 1

1×3=3

7. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ **ਚਾਰ** ਨੂੰ ਵਾਕਾਂ ਵਿੱਚ ਵਰਤੋ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ :

(ੳ) ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆਵੇ 2

(ਅ) ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ 2

(ੲ) ਤੂੰ ਮੇਰਾ ਮੁੰਡਾ ਖਿਡਾ ਮੈਂ ਤੇਰੀ ਖੀਰ ਖਾਨੀ ਆਂ 2

(ਸ) ਆਪਣੀ ਅਕਲ ਤੇ ਪਰਾਇਆ ਧਨ ਬਹੁਤ ਹੀ ਜਾਪਦਾ ਹੈ 2

(ਹ) ਅਸ਼ਰਫ਼ੀਆਂ ਦੀ ਲੁੱਟ ਤੇ ਕੋਲਿਆਂ 'ਤੇ ਮੋਹਰਾਂ 2



www.a2zpapers.com www.a2zpapers.com Page 3 of 4
Download free old Question papers gndu, ptu hp board, punjab board

a2zpapers.com



(ਕ) ਇੱਕ ਚੁੱਪ ਤੇ ਸੌ ਸੁੱਖ 2

(ਖ) ਇੱਕ ਅਨਾਰ ਸੌ ਬਿਮਾਰ 2

4×2=8

**8.** ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ :

(ੳ) ਵਾਰਸ ਸ਼ਾਹ (ਅੰਮ੍ਰਿਤਾ ਪ੍ਰੀਤਮ) ।

(ਅ) ਵਗਦੇ ਪਾਣੀ (ਡਾ. ਦੀਵਾਨ ਸਿੰਘ ਕਾਲੇਪਾਣੀ)

(ੲ) ਚੁੰਮ-ਚੁੰਮ ਰੱਖੋ (ਨੰਦਲਾਲ ਨੂਰਪੁਰੀ) 4

**9.** ਕਿਸੇ ਇੱਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ :

(ੳ) ਮਾੜਾ ਬੰਦਾ (ਪ੍ਰੇਮ ਪ੍ਰਕਾਸ਼)

(ਅ) ਸਤੀਆਂ ਸੇਈ (ਦਲੀਪ ਕੌਰ ਟਿਵਾਣਾ) । 7



www.a2zpapers.com www.a2zpapers.com
Page 4 of 4
Download free old Question papers gndu, ptu hp board, punjab board